ਬੱਚਿਆਂ ਲਈ ਬਾਈਬਲ
ਉਪੱਸਥਿਤ

# ਯਾਕੂਬ ਧੋਖੇਬਾਜ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus

ਦੁਆਰਾ ਬਦਲਿਆ ਗਿਆ : M. Kerr; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਕੀ ਕਦੀ
ਪਰਮੇਸ਼ਵਰ ਨੇਂ
ਤੁਹਾਡੇ ਘਰ ਵਿੱਚ
ਬੱਚਾ ਦਿੱਤਾ? ਕਿਸ
ਤਰ੍ਹਾਂ ਦੀ ਉਤੇਜਨਾ
ਹੋਵੇਗੀ !



ਇਸਹਾਕ
ਅਤੇ ਰਿਬਕਾ ਤਾਂ
ਦੂਗਣੇ ਖੁਸ਼ ਹੋਣਗੇ।
ਪਰਮੇਸ਼ਵਰ ਉਹਨਾਂ
ਨੂੰ ਜੌੜੇ ਬੱਚੇ ਦੇਣ
ਜਾ ਰਿਹਾ ਸੀਂ।

ਬੱਚੇ ਰਿਬਕਾ ਦੇ ਗਰਬ ਵਿੱਚ ਹੱਥ ਪੈਰ (ਸੰਘਰਸ਼ ਕਰਨਾ) ਮਾਰ ਰਹੇ ਸੀਂ। ਜਦ ਉਸਨੇ ਪ੍ਰਾਥਨਾ ਕੀਤੀ, ਪਰਮੇਸ਼ਵਰ ਨੇਂ ਆਖਿਆ ਤੇਰੇ ਦੋਨੋ ਪੁੱਤਰ ਦੋ ਵੱਖਰੀਆਂ ਜਾਤੀਆਂ ਚਲਾਉਣਗੇ ਅਤੇ ਛੋਟਾ ਮਹਾਨ ਹੋਵੇਗਾ।



ਆਮ ਤੌਰ ਤੇ ਪਹਿਲੌਠਾ ਮਹਾਨ ਹੁੰਦਾ ਸੀਂ। ਆਖਰ ਕਾਰ ਬੱਚਿਆਂ ਦਾ ਜਨਮ ਹੋਇਆ।



ਜੁੜਵਾਂ ਬੱਚੇ ਇੱਕੋ ਜਿਹੇ ਨਹੀਂ ਸਨ। ਏਸਾਉ, ਜਿਹੜਾ ਵੱਡਾ ਪੁੱਤਰ ਸੀਂ, ਉਸਦਾ ਪੂਰਾ ਸਰੀਰ ਵਾਲਾਂ ਨਾਲ ਭਰਿਆ ਸੀਂ ਅਤੇ ਉਹ ਇੱਕ ਸਿਆਣੇ ਸ਼ਿਕਾਰੀ ਦੇ ਰੂਪ ਵਿੱਚ ਵੱਧਦਾ ਗਿਆ।



ਯਾਕੂਬ ਨਰਮ ਚਮੜੀ ਵਾਲਾ ਸੀਂ ਅਤੇ ਉਹ ਘਰੇਲੂ ਕੰਮ ਕਰਨਾ ਪਸੰਦ ਕਰਦਾ ਸੀਂ। ਪਿਤਾ ਇਸਹਾਕ ਏਸਾਓ ਨੂੰ ਬਹੁਤ ਪਿਆਰ ਕਰਦਾ ਸੀਂ। ਮਾਤਾ ਯਾਕੂਬ ਦੇ ਪੱਖ ਵਿੱਚ ਸੀਂ।



ਇੱਕ ਦਿਨ ਏਸਾਓ ਭੁੱਖਾ ਸੀਂ। ਉਸਨੇ ਯਾਕੂਬ
ਨੂੰ ਕਿਹਾ, “ਮੈਨੂੰ ਖਾਣ ਨੂੰ ਭੋਜਨ ਦੇ”। ਯਾਕੂਬ ਨੇ
ਮੰਗ ਕੀਤੀ,
“ਤੈਂ ਆਪਣੇ
ਪਹਿਲੋਠੇ ਹੋਣ
ਦਾ ਹੱਕ ਮੈਨੂੰ
ਵੇਚ ਦੇਹ”।



ਜਿਹੜਾ ਵਾਇਦਾ ਪਰਮੇਸ਼ਵਰ ਨੇਂ ਪਹਿਲੌਠੇ ਪੁੱਤਰ ਨਾਲ ਕੀਤਾ ਸੀਂ ਏਸਾਉ ਨੇਂ ਉਸਦੀ ਕਦਰ ਨਹੀਂ ਕੀਤੀ। ਉਸਨੇ ਯਾਕੂਬ ਦੇ ਨਾਲ ਸੌਦਾ ਕਰ ਲਿਆ। ਹੁਣ ਯਾਕੂਬ ਘਰ ਦਾ ਪ੍ਰਧਾਨ ਹੋਵੇਗਾ ਜਦ ਉਹਨਾਂ ਦਾ ਪਿਤਾ ਮਰ ਜਾਵੇਗਾ।



ਇੱਕ ਰਾਤ ਪਰਮੇਸ਼ਵਰ ਨੇਂ ਇਸਹਾਕ ਨੂੰ ਆਖਿਆ। “ਮੈਂ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ਵਰ ਹਾਂ। ਮੈਂ ਤੇਰੇ ਨਾਲ ਹਾਂ। ਮੈਂ ਤੇਰੇ ਘਰਾਣੇ ਨੂੰ ਆਸ਼ੀਸ਼ ਦਿਆਂਗਾ।” ਭਾਂਵੇਂ ਇਸਹਾਕ ...




... ਪਰਮੇਸ਼ਵਰ ਦੀ ਉਪਾਸਨਾ ਕਰਦਾ ਸੀਂ, ਤਾਂਵਿ
ਉਸਦੇ ਪੁੱਤਰ ਏਸਉ ਨੇਂ ਦੋ ਹਿੱਤੀਆਂ ਨੂੰ ਵਿਆਹ ਕੇ
ਆਪਣੀ ਪਤਨੀ ਬਣਾ ਲਿਆ ਸੀਂ, ਉਹ ਲੋਕ ਜਿਹੜੇ
ਪਰਮੇਸ਼ਵਰ ਦੀ ਪਰਵਾਹ ਨਹੀਂ
ਕਰਦੇ ਸੀਂ।



ਇਸਹਾਕ ਬਿਰਧ ਹੋ ਗਿਆ ਸੀਂ। ਉਸਨੇ ਏਸਾਉ ਨੂੰ ਕਿਹਾ, “ਮੇਰੇ ਲਈ ਤਾਜਾ ਮਾਂਸ ਲੈ ਕੇ ਆ”। “ਤਦ ਮੈਂ ਤੈਨੂੰ ਆਸ਼ਿਸ਼ ਦਿਆਂਗਾ”। ਇਹ ਵਿਸ਼ੇਸ਼ ਆਸ਼ੀਸ਼ਾਂ ਪਿਤਾ ਵੱਲੋਂ ਪਹਿਲੋਠੇ ਪੁੱਤਰ ਲਈ ਸਨ।



ਏਸਾਉ ਛੇਤੀ ਨਾਲ ਸ਼ਿਕਾਰ ਲਈ ਚਲਾ ਗਿਆ। ਪਰ ਰਿਬਕਾਹ ਨੇਂ ਵੀ ਸੁਣ ਲਿਆ ਸੀਂ। ਉਹ ਚਾਹੁੰਦੀ ਸੀਂ ਕਿ ਆਸ਼ੀਸ਼ ਯਾਕੂਬ ਨੂੰ ਮਿਲੇ।

ਰਿਬਕਾਹ ਨੇ ਇੱਕ ਯੋਜਨਾ ਬਣਾਈ। ਜਦ ਉਸਨੇ ਜਲਦੀ ਨਾਲ ਇਸਹਾਕ ਦੀ ਪਸੰਦ ਦਾ ਭੋਜਨ ਬਣਾਇਆ, ਤਾਂ ਯਾਕੂਬ ਨੇ ਏਸਾਉ ਦੇ ਕੱਪੜੇ ਪਾ ਲਏ, ਅਤੇ ਉਸਨੇ ਆਪਣੇ ਹੱਥਾਂ ਅਤੇ ਧੌਂਣ ਉੱਤੇ ਵਾਲਾਂ ਵਾਲੇ ਜਾਨਵਰ ਦੀ ਖੱਲ ਲਾ ਲਈ। ਇਸਹਾਕ ਚੰਗੀ ਰੀਤੀ ਨਾਲ ਵੇਖ ਨਹੀ ਸਕਦਾ ਸੀ। ਸ਼ਾਇਦ ਉਸ ਨੂੰ ਧੋਖਾ ਦੇਣਾ ਉਹਨਾਂ ਲਈ ਸੰਭਵ ਸੀਂ।



ਯਾਕੂਬ ਇਸਹਾਕ ਲਈ ਭੋਜਨ ਲੈਕੇ ਆਇਆ। ਇਸਹਾਕ ਨੇਂ ਆਖਿਆ, “ਤੇਰੀ ਆਵਾਜ ਤਾਂ ਯਾਕੂਬ ਵਰਗੀ ਹੈ, ਪਰ ਹੱਥਾਂ ਤੋਂ ਏਸਾਉ ਮਹਿਸੂਸ ਹੁੰਦਾ ਹੈਂ।” ਭੋਜਨ ਕਰਨ ਤੋਂ ਬਾਅਦ, ਉਸਨੇਂ ਆਪਣੇ ਸਾਹਮਣੇ ਗੋਡਿਆਂ ਭਾਰ ਝੁਕੇ ਹੋਏ ਪੁੱਤਰ ਨੂੰ ਆਸ਼ੀਸ਼ ਦਿੱਤੀ।



ਜਿਉਂ ਹੀ ਯਾਕੂਬ ਚਲਾ ਗਿਆ, ਏਸਾਉ
ਇਸਹਾਕ ਕੋਲ ਆਇਆ।
ਉਸਨੇਂ ਆਖਿਆ, “ਇਹ
ਲਉ ਤੁਹਾਡਾ ਭੋਜਨ।”
ਇਸਹਾਕ ਜਾਣ ਗਿਆ
ਕਿ ਉਸ ਨਾਲ ਧੋਖਾ
ਹੋਇਆ ਸੀਂ।





ਉਹ ਰੋਇਆ ਅਤੇ ਕਿਹਾ, ਮੈਂ ਆਸ਼ੀਸ਼ ਬਦਲ ਨਹੀਂ ਸਕਦਾ। ਏਸਾਉ ਦਾ ਦਿਲ ਨਫਰਤ ਨਾਲ ਭਰ ਗਿਆ। ਉਸਨੇਂ ਯਾਕੂਬ ਨੂੰ ਮਾਰਨ ਦਾ ਪ੍ਰਣ ਲਿਆ।



ਰਿਬਕਾਹ ਨੇਂ ਏਸਾਉ ਦੀ ਧਮਕੀ ਨੂੰ ਸੁਣਿਆ। ਉਸਨੇਂ ਯਾਕੂਬ ਨੂੰ ਕਿਹਾ, “ਤੈਂ ਆਪਣੇ ਮਾਮੇ ਦੇ ਘਰ ਨੂੰ ਜਾਹ, ਜਦ ਤੱਕ ਤੇਰਾ ਭਰਾ ਭੁੱਲ ਨਾਂ ਜਾਵੇ ਜੋ ਤੂੰ ਕੀਤਾ ਹੈ।”



ਇਸਹਾਕ ਮੰਨ ਗਿਆ ਕਿ ਯਾਕੂਬ ਆਪਣੇ ਮਾਤਾ ਦੇ ਘਰਾਣੇ ਵਿੱਚੋਂ ਆਪਣੇ ਲਈ ਪਤਨੀ ਲੱਭ ਲਿਆਵੇ। ਤਾਂ ਯਾਕੂਬ ਘਰੋਂ ਚਲਾ ਗਿਆ।



ਉਸ ਰਾਤ, ਯਾਕੂਬ ਸੌਂਣ
ਲਈ ਰੁਕਿਆ ਤਾਂ ਪੱਥਰ ਨੂੰ
ਸਰਾਹਣਾ ਬਣਾਇਆ। ਸ਼ਾਇਦ
ਉਹ ਇਕੱਲਾ ਸੀਂ, ਸ਼ਾਇਦ
ਡਰਿਆ ਸੀਂ। ਪਰ
ਉਹ ਇਕੱਲਾ
ਨਹੀਂ ਸੀਂ।
ਪਰਮੇਸ਼ਵਰ ਉਸ
ਨਾਲ ਅਦਭੁਤ ਸੁਪਨੇ
ਦੁਆਰਾ ਬੋਲਿਆ।



“ਮੈਂ ਤੇਰੇ
ਪਿਤਾ ਅਬਰਾਹਾਮ
ਅਤੇ ਇਸਹਾਕ ਦਾ
ਪਰਮੇਸ਼ਵਰ ਹਾਂ। ਮੈਂ ਤੇਰੇ ਨਾਲ ਹਾਂ। ਮੈਂ ਇਹ ਦੇਸ਼
ਤੈਂਨੂੰ ਦਿਆਂਗਾ। ਤੇਰੇ ਪਰਿਵਾਰ ਦੇ ਦੁਆਰਾ ਸਾਰੀ
ਧਰਤੀ ਦੇ ਪਰਿਵਾਰ ਆਸ਼ੀਸ਼ ਪਾਉਣਗੇ।”
ਪਰਮੇਸ਼ਵਰ ਦੇ ਬੋਲਣ ਤੋਂ ਬਾਅਦ, ਯਾਕੂਬ
ਉਠਿਆ। ਉਹ ਡਰ ਗਿਆ ਸੀਂ।



ਯਾਕੂਬ ਦੇ ਮਾਮੇਂ ਨੇਂ ਉਸਦਾ ਸਵਾਗਤ ਕੀਤਾ। ਯਾਕੂਬ ਆਪਣੇ ਮਾਮੇਂ ਦੀ ਬੇਟੀ ਰਾਹੇਲ ਨੂੰ ਪਸੰਦ ਕਰਦਾ

ਸੀਂ ਅਤੇ ਉਸਨੇਂ ਸੱਤ ਸਾਲ ...


... ਲਾਬਾਨ ਦੀ ਸੇਵਾ ਕੀਤੀ
ਤਾਂ ਜੋ ਉਸ ਨਾਲ ਵਿਆਹ
ਕਰਾ ਸਕੇ। ਪਰ ਵਿਆਹ
ਵਾਲੀ ਰਾਤ ਲਾਬਾਨ
ਨੇਂ ਯਾਕੂਬ ਨੂੰ
ਧੋਖਾ ਦਿੱਤਾ।

ਯਾਕੂਬ ਨੇਂ ਸ਼ਿਕਾਇਤ ਕੀਤੀ, “ਇਹ ਤਾਂ ਲੀਹਾ ਹੈ, ਰਾਹੇਲ ਨਹੀਂ।” ਤੂੰ ਮੇਰੇ ਨਾਲ ਚਾਲ ਚੱਲੀ ਹੈ।
ਲਾਬਾਨ ਨੇਂ ਕਿਹਾ, “ਕਿ ਵੱਡੀ ਬੇਟੀ ਦੀ ਸ਼ਾਦੀ ਪਹਿਲਾਂ ਕਰਨੀ ਜਰੂਰੀ ਸੀਂ।”



ਹੁਣ ਰਾਹੇਲ ਨਾਲ ਵਿਆਹ ਕਰ ਲੈ ਅਤੇ ਸੱਤ ਸਾਲ ਹੋਰ ਮੇਰੀ ਸੇਵਾ ਕਰ। ਯਾਕੂਬ ਮੰਨ ਗਿਆ। ਸ਼ਾਇਦ ਉਸਨੂੰ ਯਾਦ ਆਇਆ ਹੋਣਾ ਜਿਹੜਾ ਧੋਖਾ ਉਸਨੇ ਇਸਹਾਕ ਅਤੇ



ਏਸਾਓ ਨਾਲ ਕੀਤਾ ਸੀਂ।

ਯਾਕੂਬ ਦੇ ਗਿਆਰਾਂ ਪੁੱਤਰ ਸਨ। ਉਹਨਾਂ ਸਾਲਾਂ ਦੇ ਬੀਤ ਜਾਣ ਬਾਅਦ ਉਸਨੂੰ ਆਪਣੇ ਪਰਿਵਾਰ ਨਾਲ ਵਾਪਸ ਕਨਾਨ ਦੇਸ਼ ਨੂੰ ਜਾਂਣ ਦੀ ਬਹੁਤ ਚਾਹਣਾ ਹੋਈ।



ਉਸਦੇ ਮਾਤਾ ਪਿਤਾ ਉਥੇ
ਸਨ। ਪਰ ਉਥੇ ਏਸਾਉ ਵੀ
ਸੀਂ ਜਿਸਨੇ ਉਸ ਨੂੰ ਮਾਰਨ
ਦੀ ਪ੍ਰਤਿਗਿਆ ਲਈ ਸੀਂ।



ਕਿ ਇਹ ਸੁਰੱਖਸ਼ਿਤ ਸੀਂ?
ਇੱਕ ਦਿਨ ਪਰਮੇਸ਼ਵਰ ਨੇਂ
ਉਸ ਨੂੰ ਪਰਤਣ ਲਈ ਕਿਹਾ।
ਯਾਕੂਬ ਆਪਣੇ ਪਰਿਵਾਰ ਅਤੇ
ਇੱਜੜ ਨੂੰ ਇਕੱਠਿਆਂ ਕਰਕੇ
ਘਰ ਵੱਲ ਨੂੰ ਚੱਲ ਪਿਆ।



ਇਹ ਕਿਸ ਤਰ੍ਹਾਂ ਦਾ ਸਫਰ ਸੀਂ। ਏਸਾਉ ਯਾਕੂਬ ਨੂੰ ਮਿਲਣ ਲਈ ਚਾਰ ਸੌ (400) ਆਦਮੀਂਆ ਨਾਲ ਆਇਆ! ਫਰ ਉਸਨੇ ਯਾਕੂਬ ਨੂੰ ਨੁਕਸਾਨ ਨਹੀਂ ਪਹੁੰਚਾਇਆ।



ਉਹ ਯਾਕੂਬ ਨੂੰ ਮਿਲਣ ਲਈ ਭੱਜਿਆ ਅਤੇ ਉਸਨੂੰ ਵੱਡੀ ਜੱਫੀ ਵਿੱਚ ਲਿਆ।
ਇੱਕ ਵਾਰ ਫਿਰ ਯਾਕੂਬ ਅਤੇ ਏਸਾਉ ਦੋਸਤ ਸਨ, ਅਤੇ ਯਾਕੂਬ ਸਲਾਮਤੀ ਨਾਲ ਘਰ ਪਹੁੰਚ ਗਿਆ।



# ਯਾਕੂਬ ਧੋਖੇਬਾਜ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉਤਪੱਤੀ ਦੀ ਕਿਤਾਬ 25-33

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16